# ਤੁਲਨਾਤਮਕ ਰਾਜਨੀਤੀ ਦਾ ਖੇਤਰ



# Scope of Comparative Politics

# ਰਾਜਨੀਤਿਕ ਪ੍ਰਣਾਲ਼ੀਆਂ ਦਾ ਤੁਲਨਾਤਮਕ ਅਧਿਐਨ
# (Comparative Study of Political Systems)

ਤੁਲਨਾਤਮਕ ਰਾਜਨੀਤੀ ਵਿੱਚ ਵੱਖ-ਵੱਖ ਰਾਜਨੀਤਿਕ ਪ੍ਰਣਾਲ਼ੀਆਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ। ਹਰ ਰਾਜਨੀਤਿਕ ਪ੍ਰਣਾਲ਼ੀ ਵਿੱਚ ਨਿਵੇਸ਼ ਅਤੇ ਨਿਕਾਸ ਪ੍ਰਕਿਰਿਆਵਾਂ ਚਲਦੀਆਂ ਰਹਿੰਦੀਆਂ ਹਨ, ਅਤੇ ਵੱਖ-ਵੱਖ ਪ੍ਰਣਾਲ਼ੀਆਂ ਵਿੱਚ ਇਿਹਨਾ ਪ੍ਰਕਿਰਿਆਵਾਂ ਦੇ ਚਲਣ ਵਿੱਚ ਅੰਤਰ ਹੋ ਸਕਦੇ ਹਨ। ਇਿਹਨਾਂ ਅੰਤਰਾਂ ਦੇ ਆਧਾਰ ਤੇ ਅਸੀਂ ਕਿਸੇ ਰਾਜਨੀਤਿਕ ਪ੍ਰਣਾਲ਼ੀ ਦੇ ਸਰੂਪ ਬਾਰੇ ਅਤੇ ਇਸਦੀ ਕਾਰਜਵਿਧੀ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।

# ਸੰਵਿਧਾਨਿਕ ਪ੍ਰਣਾਲ਼ੀਆਂ ਦਾ ਅਧਿਐਨ
# (Study of Constitutional Systems)

ਸੰਵਿਧਾਨ ਕਿਸੇ ਰਾਜਨੀਤਿਕ ਪ੍ਰਣਾਲ਼ੀ ਦਾ ਆਧਾਰ ਹੁੰਦਾ ਹੈ। ਇਸ ਦੁਆਰਾ ਪ੍ਰਣਾਲ਼ੀ ਦੇ ਰਸਮੀ ਢਾਂਚਿਆਂ ਦੀ ਵਿਵਸਥਾ ਕੀਤੀ ਜਾਂਦੀ ਹੈ ਅਤੇ ਉਹਨਾਂ ਵਿੱਚ ਕਾਰਜਾਂ ਅਤੇ ਜਿੰਮੇਵਾਰੀਆਂ ਦੀ ਵੰਡ ਕੀਤੀ ਜਾਂਦੀ ਹੈ। ਕਿਸੇ ਰਾਜ ਵਿੱਚ ਵਿਧਾਨ ਮੰਡਲ ਦੀ ਕਾਰਜਪ੍ਰਣਾਲ਼ੀ ਕੀ ਹੈ? ਇਸਦਾ ਗਠਨ ਕਿਸ ਆਧਾਰ ਤੇ ਹੁੰਦਾ ਹੈ? ਵਿਧਾਨਮੰਡਲ ਦੇ ਕਾਰਜਪਾਲਿਕਾ ਨਾਲ਼ ਕੀ ਸੰਬੰਧ ਹਨ? ਆਦਿ ਪ੍ਰਸ਼ਨਾਂ ਦੇ ਜਵਾਬ ਸਾਨੂੰ ਕਿਸੇ ਰਾਜ ਦੀ ਸੰਵਿਧਾਨਿਕ ਪ੍ਰਣਾਲ਼ੀ ਦਾ ਅਧਿਐਨ ਕਰਕੇ ਹੀ ਪ੍ਰਾਪਤ ਹੁੰਦੇ ਹਨ।

# ਰਸਮੀ ਸੰਰਚਨਾਵਾਂ ਦਾ ਅਧਿਐਨ
# (Study of Formal Structures)

ਹਰ ਰਾਜਨੀਤਿਕ ਪ੍ਰਣਾਲ਼ੀ ਦੀਆਂ ਕੁੱਝ ਰਸਮੀ ਸੰਰਚਨਾਵਾਂ ਹੁੰਦੀਆਂ ਹਨ। ਇਹਨਾ ਵਿੱਚੋਂ ਮੁੱਖ ਹਨ ਵਿਧਾਨ ਮੰਡਲ, ਕਾਰਜਪਾਲਿਕਾ, ਅਤੇ ਨਿਆਂਪਾਲਿਕਾ ਆਦਿ। ਤੁਲਨਾਤਮਕ ਰਾਜਨੀਤੀ ਵਿੱਚ ਇਹਨਾਂ ਸੰਰਚਨਾਵਾਂ ਦੇ ਰਸਮੀ ਸਰੂਪ ਦੇ ਨਾਲ਼ ਹੀ ਇਹਨਾਂ ਦੀ ਵਿਵਹਾਰਿਕ ਕਾਰਗੁਜ਼ਾਰੀ ਦਾ ਵੀ ਮੁਲਾਂਕਣ ਕੀਤਾ ਜਾਂਦਾ ਹੈ। ਸੰਸਦੀ ਪ੍ਰਣਾਲ਼ੀ ਵਾਲ਼ੇ ਰਾਜਾਂ ਵਿੱਚ ਸੰਸਦ ਦੀਆਂ ਸ਼ਕਤੀਆਂ ਦਾ ਪਤਨ ਹੁੰਦਾ ਜਾ ਰਿਹਾ ਹੈ, ਸੰਸਦ ਦੀਆਂ ਬੈਠਕਾਂ ਵਿੱਚ ਕਮੀ ਹੁੰਦੀ ਜਾ ਰਹੀ ਹੈ, ਸੰਸਦ ਮੰਤਰੀ ਮੰਡਲ ਦੀ ਪਿਛਲੱਗੂ ਬਣਦੀ ਜਾ ਰਹੀ ਹੈ ਆਦਿ ਤੱਥਾਂ ਦਾ ਗਿਆਨ ਸਾਨੂੰ ਰਸਮੀ ਸੰਰਚਨਾਵਾਂ ਦੇ ਤੁਲਨਾਤਮਕ ਅਧਿਐਨ ਤੋਂ ਹੀ ਹੋਇਆ ਹੈ।

# ਗੈਰ–ਰਸਮੀ ਸੰਰਚਨਾਵਾਂ ਦਾ ਅਧਿਐਨ
# (Study of Informal Structures)

ਤੁਲਨਾਤਮਕ ਰਾਜਨੀਤੀ ਵਿੱਚ ਗੈਰ–ਰਸਮੀ ਸੰਰਚਨਾਵਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ ਕਿਉਂਕਿ ਇਹ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਇਹਨਾਂ ਦੇ ਅਧਿਐਨ ਤੋਂ ਬਿਨਾਂ ਕਿਸੇ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਸਮਝਿਆ ਜਾ ਸਕਣਾ ਲਗਭਗ ਅਸੰਭਵ ਹੁੰਦਾ ਹੈ। ਉਦਾਹਰਣ ਲਈ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਨਿਰਮਾਤਾ ਰਾਜਨੀਤਿਕ ਦਲਾਂ ਦੀ ਹੋਂਦ ਦੇ ਹੱਕ ਵਿੱਚ ਨਹੀਂ ਸਨ ਅਤੇ ਉਹਨਾ ਨੇ ਰਾਸ਼ਟਰਪਤੀ ਦੀ ਚੋਣ ਪੂਰਨ ਤੌਰ ਤੇ ਅਪ੍ਰਤੱਖ ਵਿਧੀ ਨਾਲ਼ ਕਰਵਾਏ ਜਾਣ ਲਈ ਸੰਵਿਧਾਨਿਕ ਵਿਵਸਥਾਵਾਂ ਕੀਤੀਆਂ ਸਨ। ਪ੍ਰੰਤੂ ਹੁਣ ਰਾਜਨੀਤਿਕ ਦਲਾਂ ਦੇ ਅਧਿਐਨ ਬਿਨਾਂ ਨਾ ਤਾਂ ਅਮਰੀਕੀ ਰਾਜਨੀਤਿਕ ਪ੍ਰਣਾਲ਼ੀ ਨੂੰ ਹੀ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਰਾਸ਼ਟਰਪਤੀ ਦੀ ਚੋਣ ਵਿਧੀ ਨੂੰ। ਇਸੇ ਤਰਾਂ ਹੀ ਹੋਰ ਵੀ ਅਨੇਕਾਂ ਗੈਰ ਰਸਮੀ ਸੰਰਚਨਾਵਾਂ ਹੁੰਦੀਆਂ ਹਨ ਜਿਹੜੀਆਂ ਰਾਜਨੀਤਿਕ ਪ੍ਰਣਾਲ਼ੀ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ ਜਿਵੇਂ ਕਿ ਦਬਾਉ ਸਮੂਹ, ਹਿੱਤ ਸਮੂਹ, ਸੱਭਿਆਚਾਰਕ ਸਮੂਹ, ਸੰਪਰਦਾਇਕ ਸਮੂਹ ਆਦਿ।

# ਰਾਜਨੀਤਿਕ ਸੱਭਿਆਚਾਰ ਦਾ ਅਧਿਐਨ
# (Study of Political Culture)

ਕਿਸੇ ਸਮਾਜ ਦੇ ਲੋਕਾਂ ਦੇ ਰਾਜਨੀਤਿਕ ਵਿਚਾਰਾਂ, ਭਾਵਨਾਵਾਂ ਅਤੇ ਦ੍ਰਿਸ਼ਟੀਕੋਣਾਂ ਨੂੰ ਉੱਥੋਂ ਦਾ ਰਾਜਨੀਤਿਕ ਸੱਭਿਆਚਾਰ ਕਿਹਾ ਜਾਂਦਾ ਹੈ। ਲੋਕਾਂ ਆਪਣੇ ਰਾਜਨੀਤਿਕ ਨਿਰਣੇ ਆਪਣੇ ਰਾਜਨੀਤਿਕ ਸੱਭਿਆਚਾਰ ਦੇ ਆਧਾਰ ਤੇ ਹੀ ਕਰਦੇ ਹਨ। ਇਸ ਲਈ ਰਾਜਨੀਤਿਕ ਸੱਭਿਆਚਾਰ ਦੇ ਅਧਿਐਨ ਤੋਂ ਬਿਨਾਂ ਕਿਸੇ ਸਮਾਜ ਦੇ ਲੋਕਾਂ ਦੇ ਰਾਜਨੀਤਿਕ ਵਿਵਹਾਰ ਨੂੰ ਨਹੀਂ ਸਮਝਿਆ ਜਾ ਸਕਦਾ। ਤੁਲਨਾਤਮਕ ਰਾਜਨੀਤੀ ਵਿੱਚ ਰਾਜਨੀਤਿਕ ਸੱਭਿਆਚਾਰ ਦਾ ਅਧਿਐਨ ਵੀ ਕੀਤਾ ਜਾਂਦਾ ਹੈ।

# ਰਾਜਨੀਤਿਕ ਸਮਾਜੀਕਰਨ ਦਾ ਅਧਿਐਨ
# (Study of Political Socialisation)

ਲੋਕਾਂ ਦੇ ਰਾਜਨੀਤਿਕ ਸੱਭਿਆਚਾਰ ਨੂੰ ਇੱਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੱਕ ਪਹੁੰਚਾਉਣ, ਰਾਜਨੀਤਿਕ ਵਿਚਾਰਾਂ ਵਿੱਚ ਤਬਦੀਲੀ ਜਾਂ ਵਿਕਾਸ ਹੋਣ ਦੀ ਪ੍ਰਕਿਰਿਆ ਨੂੰ ਰਾਜਨੀਤਿਕ ਸਮਾਜੀਕਰਨ ਕਿਹਾ ਜਾਂਦਾ ਹੈ। ਰਾਜਨੀਤਿਕ ਸਮਾਜੀਕਰਨ ਰਸਮੀ ਅਤੇ ਗੈਰ–ਰਸਮੀ ਦੋਵਾਂ ਤਰੀਕਿਆਂ ਨਾਲ਼ ਹੁੰਦਾ ਰਹਿੰਦਾ ਹੈ। ਹਰ ਰਾਜਨੀਤਿਕ ਪ੍ਰਣਾਲ਼ੀ ਆਪਣੀ ਉੱਚਿਤਤਾ ਨੂੰ ਬਰਕਰਾਰ ਰੱਖਣ ਲਈ ਰਾਜਨੀਤਿਕ ਸਮਾਜੀਕਰਨ ਲਈ ਪ੍ਰਚਾਰ ਅਤੇ ਪ੍ਰਸਾਰ ਦੇ ਸਾਧਨਾਂ ਦਾ ਇਸਤੇਮਾਲ ਕਰਦੀ ਹੈ। ਕਈ ਰਾਜਨੀਤਿਕ ਪ੍ਰਣਾਲ਼ੀਆਂ ਵਿੱਚ ਰਾਜਨੀਤਿਕ ਸਮਾਜੀਕਰਨ ਸਕੂਲਾਂ–ਕਾਲਜਾਂ ਰਾਹੀਂ ਵੀ ਠੋਸਿਆ ਜਾਂਦਾ ਹੈ। ਅਜਿਹਾ ਸਰਵਸੱਤਾਵਾਦੀ ਰਾਜਨੀਤਿਕ ਪ੍ਰਣਾਲ਼ੀਆਂ ਵਿੱਚ ਹੁੰਦਾ ਹੈ। ਤੁਲਨਾਤਮਕ ਰਾਜਨੀਤੀ ਵਿੱਚ ਰਾਜਨੀਤਿਕ ਸਮਾਜੀਕਰਨ ਦੀ ਪ੍ਰਕਿਰਿਆ ਦਾ ਵੀ ਅਧਿਐਨ ਕੀਤਾ ਜਾਂਦਾ ਹੈ।

# ਰਾਜਨੀਤਿਕ ਵਿਚਾਰਧਾਰਾਵਾਂ ਦਾ ਅਧਿਐਨ
# (Study of Political Ideologies)

ਹਰ ਰਾਜ ਦੇ ਲੋਕਾਂ ਦੀ ਇੱਕ ਰਾਜਨੀਤਿਕ ਵਿਚਾਰਧਾਰਾ ਹੁੰਦੀ ਹੈ, ਅਤੇ ਰਾਜਨੀਤਿਕ ਪ੍ਰਣਾਲ਼ੀ ਦਾ ਉਦੇਸ਼ ਉਸ ਵਿਚਾਰਧਾਰਾ ਦੁਆਰਾ ਦਰਸਾਏ ਉਦੇਸ਼ਾਂ ਦੀ ਪ੍ਰਾਪਤੀ ਕਰਨਾ ਹੁੰਦਾ ਹੈ। ਸਮਾਜਵਾਦੀ ਰਾਜਨੀਤਿਕ ਪ੍ਰਣਾਲ਼ੀ ਦਾ ਉਦੇਸ਼ 'ਪੂੰਜੀਵਾਦ ਦੇ ਬਚੇ-ਖੁਚੇ ਅੰਸ਼ਾਂ ਨੂੰ ਨਸ਼ਟ ਕਰਨਾਂ' ਹੁੰਦਾ ਹੈ ਤਾਂ ਕਿ ਇੱਕ ਵਰਗਹੀਣ ਸਮਾਜ ਦੀ ਸਥਾਪਨਾ ਕਰਕੇ ਸਾਮਵਾਦ ਦੇ ਉਦੇਸ਼ ਨੂੰ ਪੂਰਾ ਕੀਤਾ ਜਾ ਸਕੇ। ਪੂੰਜੀਵਾਦੀ ਵਿਚਾਰਧਾਰਾ ਦਾ ਉਦੇਸ਼ ਵਿਅਕਤੀ ਲਈ ਵੱਧ ਤੋਂ ਵੱਧ ਸੁਤੰਤਰਤਾ ਪ੍ਰਦਾਨ ਕੀਤੇ ਜਾਣਾ ਹੁੰਦਾ ਹੈ। ਵਿਚਾਰਧਾਰਾਵਾਂ ਕਿਸੇ ਵੀ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਤੇ ਬਹੁਤ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਇਸ ਲਈ ਤੁਲਨਾਤਮਕ ਰਾਜਨੀਤੀ ਵਿੱਚ ਰਾਜਨੀਤਿਕ ਵਿਚਾਰਧਾਰਾਵਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ।

# ਰਾਜਨੀਤਿਕ ਸਹਿਭਾਗਤਾ ਦਾ ਅਧਿਐਨ
# (Study of Political Participation)

ਕਿਸੇ ਰਾਜਨੀਤਿਕ ਪ੍ਰਣਾਲ਼ੀ ਵਿੱਚ ਲੋਕਾਂ ਦੀ ਰਾਜਨੀਤਿਕ ਸਹਿਭਾਗਤਾ ਦਾ ਪੱਧਰ ਜਿੰਨਾ ਵਧੇਰੇ ਹੋਵੇਗਾ, ਉਹ ਪ੍ਰਣਾਲ਼ੀ ਉੰਨੀ ਹੀ ਲੋਕਾਂ ਦੀਆਂ ਜਰੂਰਤਾ ਪ੍ਰਤੀ ਸੰਵੇਦਨਸ਼ੀਲ ਹੋਵੇਗੀ। ਪ੍ਰੰਤੂ ਇਸਦੇ ਨਾਲ਼ ਹੀ ਰਾਜਨੀਤਿਕ ਸਹਿਭਾਗਤਾ ਦਾ ਇੱਕ ਗੁਣਾਤਮਕ ਪੱਖ ਵੀ ਹੁੰਦਾ ਹੈ। ਜਿਸ ਪ੍ਰਣਾਲ਼ੀ ਵਿੱਚ ਲੋਕ ਰਾਜਨੀਤੀ ਵਿੱਚ ਆਪਣੇ ਨਿੱਜੀ ਅਤੇ ਵਰਗੀ ਹਿੱਤਾਂ ਦੀ ਰੱਖਿਆ ਲਈ ਭਾਗ ਲੈਂਦੇ ਹਨ, ਜਾਂ ਲਾਲਚ ਵਿੱਚ ਆ ਕੇ ਆਪਣੇ ਰਾਜਨੀਤਿਕ ਅਧਿਕਾਰਾਂ ਦਾ ਸੌਦਾ ਕਰ ਲੈਂਦੇ ਹਨ, ਉਸ ਰਾਜਨੀਤਿਕ ਪ੍ਰਣਾਲ਼ੀ ਵਿੱਚ ਸੁਤੰਤਰਤਾ, ਸੁਰੱਖਿਆ ਅਤੇ ਸ਼ਾਂਤੀ ਦੀ ਕਮੀ ਹੁੰਦੀ ਹੈ। ਜਿਸ ਪ੍ਰਣਾਲ਼ੀ ਵਿੱਚ ਲੋਕ ਤਰਕਸੰਗਤ ਆਧਾਰਾਂ ਤੇ ਆਪਣੇ ਰਾਜਨੀਤਿਕ ਅਧਿਕਾਰਾਂ ਦੀ ਵਰਤੋਂ ਕਰਦੇ ਹਨ ਉਹ ਪ੍ਰਣਾਲ਼ੀ ਲੋਕਾਂ ਦੀਆਂ ਸੁਤੰਤਰਤਾਵਾਂ ਅਤੇ ਸੁਰੱਖਿਆਵਾਂ ਲਈ ਵਧੇਰੇ ਸੰਵੇਦਨਸ਼ੀਲ ਹੁੰਦੀ ਹੈ। ਤੁਲਨਾਤਮਕ ਰਾਜਨੀਤੀ ਵਿੱਚ ਰਾਜਨੀਤਿਕ ਸਹਿਭਾਗਤਾ ਦੇ ਗੁਣਾਤਮਕ ਅਤੇ ਗਿਣਾਤਮਕ ਦੋਵਾਂ ਪੱਖਾਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

# ਰਾਜਨੀਤਿਕ ਸਮੂਹਾਂ ਦਾ ਅਧਿਐਨ
# (Study of Political Groups)

ਰਾਜਨੀਤਿਕ ਸਮੂਹ ਰਾਜਨੀਤਿਕ ਦਲਾਂ ਦੇ ਰੂਪ ਵਿੱਚ ਵੀ ਹੁੰਦੇ ਹਨ ਜਿਹੜੇ ਪ੍ਰਤੱਖ ਤੌਰ ਤੇ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਹਨ ਅਤੇ ਹਿੱਤ ਸਮੂਹਾਂ ਅਤੇ ਦਬਾਉ ਸਮੂਹਾਂ ਦੇ ਰੂਪ ਵਿੱਚ ਵੀ ਹੁੰਦੇ ਹਨ ਜਿਹੜੇ ਰਾਜਨੀਤਿਕ ਸ਼ਕਤੀ ਦੀ ਪ੍ਰਾਪਤੀ ਲਈ ਸੰਘਰਸ਼ ਨਹੀਂ ਕਰਦੇ, ਪ੍ਰੰਤੂ ਰਾਜਨੀਤਿਕ ਸ਼ਕਤੀ ਦੀ ਵਰਤੋਂ ਆਪਣੇ ਹਿੱਤਾਂ ਦੀ ਰੱਖਿਆ ਲਈ ਕੀਤੇ ਜਾਣ ਲਈ ਸੰਘਰਸ਼ ਕਰਦੇ ਹਨ। ਇਹ ਹਿੱਤ ਵਰਗ ਜਾਂ ਕਿੱਤੇ ਆਦਿ ਦੇ ਆਧਾਰ ਤੇ ਸਾਂਝੇ ਹੋ ਸਕਦੇ ਹਨ। ਇਹਨਾਂ ਸਮੂਹਾਂ ਦੀ ਕਾਰਜਵਿਧੀ ਸਾਰੀਆਂ ਪ੍ਰਣਾਲ਼ੀਆਂ ਵਿੱਚ ਇੱਕੋ-ਜਿਹੀ ਨਹੀਂ ਹੈ। ਇਹ ਸਮੂਹ ਰਾਜਨੀਤਿਕ ਪ੍ਰਣਾਲ਼ੀ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ ਇਸ ਲਈ ਤੁਲਨਾਤਮਕ ਰਾਜਨੀਤੀ ਵਿੱਚ ਰਾਜਨੀਤਿਕ ਸਮੂਹਾਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ।

# ਸ਼ਕਤੀ, ਪ੍ਰਭਾਵ ਅਤੇ ਸੱਤਾ ਦਾ ਅਧਿਐਨ
## (Study of Power, Influence and Authority)

ਸ਼ਕਤੀ, ਪ੍ਰਭਾਵ ਅਤੇ ਸੱਤਾ ਆਦਿ ਦੀਆਂ ਰਾਜਨੀਤੀ ਸ਼ਾਸਤਰ ਨੂੰ ਹੋਰ ਵਿਸ਼ਿਆਂ ਤੋਂ ਵੱਖ ਕਰਦੀਆਂ ਹਨ, ਇਸ ਲਈ ਆਧੁਨਿਕ ਰਾਜਨੀਤੀ ਸ਼ਾਸਤਰ ਵਿੱਚ ਇਹਨਾਂ ਦਾ ਵਿਸ਼ੇਸ਼ ਤੌਰ ਤੇ ਅਧਿਐਨ ਕੀਤਾ ਜਾਂਦਾ ਹੈ। ਮਾਰਗੈਂਥੋ ਵਰਗੇ ਕਈ ਰਾਜਨੀਤੀ ਸ਼ਾਸਤਰੀ ਸ਼ਕਤੀ ਨੂੰ ਹੀ ਰਾਜਨੀਤੀ ਸ਼ਾਸਤਰ ਦਾ ਮੁੱਖ ਵਿਸ਼ਾ-ਵਸਤੂ ਮੰਨਦੇ ਹਨ। ਤੁਲਨਾਤਮਕ ਰਾਜਨੀਤੀ ਵਿੱਚ ਵੀ ਸ਼ਕਤੀ, ਪ੍ਰਭਾਵ ਅਤੇ ਸੱਤਾ ਦਾ ਅਧਿਐਨ ਕੀਤਾ ਜਾਂਦਾ ਹੈ।

# ਰਾਜਨੀਤਿਕ ਪ੍ਰਕਿਰਿਆਵਾਂ ਦਾ ਅਧਿਐਨ
# (Study of Political Processes)

ਹਰ ਰਾਜਨੀਤਿਕ ਪ੍ਰਣਾਲ਼ੀ ਕੁੱਝ ਕਾਰਜ ਕਰਦੀ ਹੈ, ਜਿਵੇਂ ਕਿ ਕਾਨੂੰਨਾਂ ਦਾ ਨਿਰਮਾਣ ਕਰਨਾ, ਨਿਆਂ ਪ੍ਰਦਾਨ ਕਰਨਾ, ਅਤੇ ਚੋਣਾਂ ਕਰਵਾਉਣੀਆਂ ਆਦਿ। ਇਹਨਾਂ ਕਾਰਜਾਂ ਨੂੰ ਕੀਤੇ ਜਾਣ ਲਈ ਵੱਖੋ-ਵੱਖ ਪ੍ਰਣਾਲ਼ੀਆਂ ਵੱਖੋ-ਵੱਖ ਪ੍ਰਕਿਰਿਆਵਾਂ ਅਪਣਾਉਂਦੀਆਂ ਹਨ। ਇਹਨਾਂ ਵਿੱਚੋਂ ਹਰ ਪ੍ਰਕਿਰਿਆ ਦੇ ਕੁੱਝ ਗੁਣ ਅਤੇ ਔਗੁਣ ਵੀ ਹੁੰਦੇ ਹਨ। ਤੁਲਨਾਤਮਕ ਰਾਜਨੀਤੀ ਵਿੱਚ ਇਹਨਾਂ ਪ੍ਰਕਿਰਿਆਵਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ।

# ਰਾਜਨੀਤਿਕ ਗਤੀਵਿਧੀਆਂ ਦਾ ਅਧਿਐਨ
# (Study of Political Activities)

ਹਰ ਰਾਜਨੀਤਿਕ ਪ੍ਰਣਾਲ਼ੀ ਵਿੱਚ ਰਾਜਨੀਤਿਕ ਗਤੀਵਿਧੀਆਂ ਹੁੰਦੀਆਂ ਰਹਿੰਦੀਆਂ ਹਨ। ਡਾ. ਜੇ. ਸੀ. ਜੌਹਰੀ ਅਨੁਸਾਰ ਮਤਭੇਦ ਵਾਲ਼ੀਆਂ ਸਥਿਤੀਆਂ ਪੈਦਾ ਕਰਨਾ ਅਤੇ ਉਹਨਾ ਸਥਿਤੀਆਂ ਦੇ ਹੱਲ ਲੱਭਣ ਦੀਆਂ ਕਿਰਿਆਵਾਂ ਨੂੰ ਰਾਜਨੀਤਿਕ ਗਤੀਵਿਧੀਆਂ ਕਿਹਾ ਜਾਂਦਾ ਹੈ। ਇਹਨਾਂ ਗਤੀਵਿਧੀਆਂ ਵਿੱਚ ਰਸਮੀ ਢਾਂਚਿਆਂ ਦੇ ਨਾਲ਼ ਹੀ ਗੈਰ–ਰਸਮੀ ਢਾਂਚੇ ਵੀ ਭਾਗ ਲੈਂਦੇ ਹਨ। ਤੁਲਨਾਤਮਕ ਰਾਜਨੀਤੀ ਇਹਨਾਂ ਰਾਜਨੀਤਿਕ ਗਤੀਵਿਧੀਆਂ ਦਾ ਵੀ ਅਧਿਐਨ ਕਰਦੀ ਹੈ।

# ਨੌਕਰਸ਼ਾਹੀ ਦੀ ਭੂਮਿਕਾ
# (Role of Bureaucracy)

ਸਰਕਾਰ ਦੀ ਕਿਸਮ ਭਾਵੇਂ ਕੋਈ ਵੀ ਹੋਵੇ, ਨੌਕਰਸ਼ਾਹੀ ਹਰ ਰਾਜ ਵਿੱਚ ਹੁੰਦੀ ਹੈ। ਇਹ ਸਰਕਾਰ ਦੀਆਂ ਨੀਤੀਆਂ ਨੂੰ ਅਮਲੀ ਰੂਪ ਦਿੰਦੀ ਹੈ। ਕਿਸੇ ਰਾਜਨੀਤਿਕ ਪ੍ਰਣਾਲ਼ੀ ਦੀ ਸਫਲਤਾ ਅਤੇ ਅਸਫਲਤਾ ਪਿੱਛੇ ਨੌਕਰਸ਼ਾਹੀ ਦੇ ਸਰੂਪ ਦੀ ਬਹੁਤ ਭੂਮਿਕਾ ਹੁੰਦੀ ਹੈ। ਅੱਜ ਦੇ ਸਮੇਂ ਵਿੱਚ ਰਾਜਨੀਤਿਕ ਪ੍ਰਣਾਲ਼ੀ ਦੇ ਕੰਮਾਂ ਵਿੱਚ ਵਾਧਾ ਹੋਣ ਕਰਕੇ ਨੌਕਰਸ਼ਾਹੀ ਦੀ ਭੂਮਿਕਾ ਹੋਰ ਵੀ ਵਧ ਗਈ ਹੈ। ਤੁਲਨਾਤਮਕ ਰਾਜਨੀਤੀ ਵਿੱਚ ਨੌਕਰਸ਼ਾਹੀ ਦੇ ਸਰੂਪ, ਕੰਮਾਂ ਅਤੇ ਭਰਤੀ ਆਦਿ ਸੰਬੰਧੀ ਨਿਯਮਾਂ ਦਾ ਵੀ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ।

# ਅਨੇਕਾਂ ‘ਕਿਉਂਆਂ’ ਦਾ ਅਧਿਐਨ
# (Study of many 'Whys')

ਰਾਜਨੀਤੀ ਦਾ ਵਿਸ਼ਾ ਬਹੁਤ ਗੁੰਝਲਦਾਰ ਹੈ। ਇਸ ਵਿੱਚ ਹਰ ਕਦਮ ਤੇ ਅਨੇਕਾਂ ਪ੍ਰਸ਼ਨ ਪੈਦਾ ਹੁੰਦੇ ਰਹਿੰਦੇ ਹਨ। ਪੱਛਮੀ ਮੁਲਕਾਂ ਵਿੱਚ ਪੈਦਾ ਹੋਇਆ ਲੋਕਤੰਤਰ ਵਿਕਾਸਸ਼ੀਲ ਰਾਜਾਂ ਵਿੱਚ ਬਹੁਤਾ ਕਾਮਯਾਬ ਕਿਉਂ ਨਹੀਂ ਹੋ ਸਕਿਆ ? ਕਾਰਲ ਮਾਰਕਸ ਦੀ ਭਵਿੱਖਬਾਣੀ ਅਨੁਸਾਰ ਸਮਾਜਵਾਦ ਪਹਿਲਾਂ ਉਦਯੋਗਿਕ ਤੌਰ ਤੇ ਵਿਕਸਿਤ ਰਾਜਾਂ ਵਿੱਚ ਕਿਉਂ ਨਹੀਂ ਆਇਆ? ਅਜਿਹੇ ਹੀ ਅਨੇਕਾਂ ਪ੍ਰਸ਼ਨਾਂ ਦਾ ਜਵਾਬ ਲੱਭਣ ਲਈ ਤੁਲਨਾਤਮਕ ਰਾਜਨੀਤੀ ਵਿਵਹਾਰਿਕ ਰਾਜਨੀਤੀ ਦਾ ਵਿਸ਼ਲੇਸ਼ਣ ਕਰਦੀ ਹੈ।

# ਸਿੱਟਾ
# (Conclusion)

ਤੁਲਨਾਤਮਕ ਰਾਜਨੀਤੀ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿੱਚ ਕਿਸੇ ਰਾਜਨੀਤਿਕ ਪ੍ਰਣਾਲ਼ੀ ਦੇ ਰਸਮੀ ਢਾਂਚਿਆਂ ਦੇ ਨਾਲ਼ ਹੀ ਉਹਨਾਂ ਸਾਰੇ ਗੈਰ-ਰਸਮੀ ਢਾਂਚਿਆਂ ਦਾ ਵੀ ਅਧਿਐਨ ਕੀਤਾ ਜਾਂਦਾ ਹੈ ਜਿਹੜੇ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰਦੇ ਹਨ। ਰਾਜਨੀਤੀ ਇੱਕ ਅਜਿਹਾ ਵਿਸ਼ਾ ਹੈ ਜਿਸਦਾ ਸੰਬੰਧ ਹਰ ਵਿਅਕਤੀ ਨਾਲ਼ ਹੈ। ਇਸ ਲਈ ਹਰ ਵਿਅਕਤੀ ਵੱਖੋ-ਵੱਖਰੇ ਮਾਧਿਅਮਾਂ ਰਾਹੀਂ ਰਾਜਨੀਤਿਕ ਨਿਰਣਿਆਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਹਿੱਤ ਸਮੂਹਾਂ ਦਾ ਨਿਰਮਾਣ ਕੀਤਾ ਜਾਂਦਾ ਹੈ। ਰਾਜਨੀਤੀ ਦਾ ਵਿਸ਼ਾ ਵਸਤੂ ਵਿਸ਼ਾਲ ਹੋਣ ਕਰਕੇ ਤੁਲਨਾਤਮਕ ਰਾਜਨੀਤੀ ਦਾ ਵਿਸ਼ਾ-ਵਸਤੂ ਵਿਸ਼ਾਲ ਹੋਣਾ ਸੁਭਾਵਿਕ ਹੀ ਹੈ।




Joginder Singh Khatra

Assistant Professor & Head

Dept. of Political Science

Akal Degree College Mastuana